Punjabi – April

ਆਪਣੇ ਆਪ ਨੂੰ ਸੁਰੱਖਿਅਤ ਘਰ ਪਹੁੰਚਾਓ

# WHS ਅਧਿਕਾਰ ਅਤੇ ਫਰਜ਼

## ਕੀ ਤੁਸੀਂ ਭੋਜਨ ਪਹੁੰਚਾਉਂਦੇ ਹੋ?

ਆਸਟ੍ਰੇਲੀਆ ਵਿੱਚ, ਤੁਹਾਨੂੰ ਭੋਜਨ ਪਹੁੰਚਾਉਣ ਵਾਲੇ **ਕਰਮਚਾਰੀ** ਵਜੋਂ ਕੰਮ 'ਤੇ ਸੁਰੱਖਿਅਤ ਰਹਿਣ ਅਤੇ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ।



ਤੁਸੀਂ ਇੱਕ ਕਰਮਚਾਰੀ ਹੋ ਜੇਕਰ ਤੁਸੀਂ ਇੱਕ ਪਲੇਟਫਾਰਮ (ਐਪ) ਲਈ ਕੰਮ ਕਰਦੇ ਹੋ ਜੋ ਭੋਜਨ ਪਹੁੰਚਾਉਣ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ/ਜਾਂ ਖਾਣਾ ਵਿਕਰੀ ਕੇਂਦ੍ਰ (ਰੈਸਟੋਰੈਂਟ/ਦੁਕਾਨ) ਜਿਸਦਾ ਖਾਣਾ/ਪੀਣਾ ਡਿਲਿਵਰ ਕੀਤਾ ਜਾਂਦਾ ਹੈ।

ਕਰਮਚਾਰੀ ਵਿਚ ਕਿਸੇ ਕਾਰੋਬਾਰ ਵਿੱਚ ਕਰਮਚਾਰੀ ਅਤੇ ਠੇਕੇਦਾਰ (ਸਵੈ-ਰੁਜ਼ਗਾਰ) ਵਾਲੇ ਕਾਮੇ ਸ਼ਾਮਲ ਹੋ ਸਕਦੇ ਹਨ।

ਪਲੇਟਫਾਰਮ (ਐਪ ਰਾਹੀਂ) ਅਤੇ ਖਾਣਾ ਵਿਕਰੀ ਕੇਂਦ੍ਰ (ਰੈਸਟੋਰੈਂਟ/ਦੁਕਾਨਾਂ) ਨੂੰ ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨੀ ਚਾਹੀਦੀ ਹੈ। ਇਸਦਾ ਮਤਲਬ ਹੈ ਕਿ ਪਲੇਟਫਾਰਮ ਅਤੇ ਖਾਣਾ ਵਿਕਰੀ ਕੇਂਦ੍ਰ ਨੂੰ ਜੋਖਮਾਂ ਅਤੇ ਖ਼ਤਰਿਆਂ (ਖਤਰਨਾਕ ਸਥਿਤੀਆਂ) ਦਾ ਪ੍ਰਬੰਧਨ ਕਰਨਾ ਚਾਹੀਦਾ ਹੈ ਜੋ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਤੁਹਾਨੂੰ ਅਤੇ ਹੋਰ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਕਰਮਚਾਰੀ ਹੋਣ ਦੇ ਨਾਤੇ, ਤੁਹਾਨੂੰ ਕੰਮ 'ਤੇ ਸਿਹਤ ਅਤੇ ਸੁਰੱਖਿਆ ਮੁੱਦਿਆਂ 'ਤੇ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਇੱਕ ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ (HSR) ਨੂੰ ਚੁਣੇ ਜਾਣ ਦੀ ਬੇਨਤੀ ਕਰਨ ਦਾ ਅਧਿਕਾਰ ਹੈ। ਹੋਰ ਜਾਣਨ ਲਈ ਖਾਣਾ ਵਿਕਰੀ ਕੇਂਦ੍ਰ ਜਾਂ ਪਲੇਟਫਾਰਮ ਨਾਲ ਗੱਲ ਕਰੋ ਜਾਂ ਆਪਣੇ ਕੰਮ ਦੀ ਸਿਹਤ ਅਤੇ ਸੁਰੱਖਿਆ ਰੈਗੂਲੇਟਰ ਤੋਂ ਸਲਾਹ ਲਓ।

ਇੱਕ ਕਰਮਚਾਰੀ ਦੇ ਤੌਰ 'ਤੇ ਤੁਹਾਡੀ ਆਪਣੀ ਸੁਰੱਖਿਆ ਅਤੇ ਤੁਹਾਡੇ ਆਲੇ ਦੁਆਲੇ ਦੇ ਲੋਕਾਂ ਦੀ ਸੁਰੱਖਿਆ ਤੁਹਾਡੀ ਜ਼ਿੰਮੇਵਾਰੀ ਵੀ ਹੈ।

ਭੋਜਨ ਪਹੁੰਚਾਉਣ ਵਾਲੇ ਕਰਮਚਾਰੀ ਦੇ ਤੌਰ 'ਤੇ, ਤੁਹਾਡੇ ਕੋਲ ਅਧਿਕਾਰ ਅਤੇ ਜ਼ਿੰਮੇਵਾਰੀਆਂ ਦੋਵੇਂ ਹਨ ਕਿਉਂਕਿ ਤੁਸੀਂ **ਇੱਕੋ ਸਮੇਂ 'ਤੇ ਕਰਮਚਾਰੀ ਅਤੇ ਠੇਕੇਦਾਰ (ਸਵੈ-ਰੁਜ਼ਗਾਰ) ਦੋਵੇਂ ਹੋ ਸਕਦੇ ਹੋ।**



ਤੁਸੀਂ **ਸਵੈ-ਰੁਜ਼ਗਾਰ** ਵਾਲੇ ਹੋ ਜੇਕਰ ਤੁਸੀਂ ਆਪਣੇ ਭੋਜਨ ਪਹੁੰਚਾਉਣ ਦੇ ਕੰਮ ਦਾ ਆਪ ਪ੍ਰਬੰਧਨ ਕਰਦੇ ਹੋ।

ਜੇਕਰ ਤੁਸੀਂ ਇੱਕ ਠੇਕੇਦਾਰ (ਸਵੈ-ਰੁਜ਼ਗਾਰ) ਅਤੇ ਇੱਕ ਕਰਮਚਾਰੀ ਹੋ, ਤਾਂ ਪਲੇਟਫਾਰਮ ਅਤੇ ਖਾਣਾ ਵਿਕਰੀ ਕੇਂਦ੍ਰ ਨੂੰ ਤੁਹਾਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ, ਪਰ ਜਦੋਂ ਤੁਸੀਂ ਕੰਮ ਕਰ ਰਹੇ ਹੁੰਦੇ ਹੋ ਤਾਂ ਆਪਣੀ ਅਤੇ ਤੁਹਾਡੇ ਆਲੇ ਦੁਆਲੇ ਦੇ ਹੋਰ ਲੋਕਾਂ, ਜਿਵੇਂ ਕਿ ਪੈਦਲ ਚੱਲਣ ਵਾਲੇ ਲੋਕਾਂ ਦੀ ਸੁਰੱਖਿਆ ਲਈ ਤੁਹਾਡੀ ਇੱਕ ਸਾਂਝੀ ਜ਼ਿੰਮੇਵਾਰੀ ਵੀ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ, ਪਲੇਟਫਾਰਮ ਅਤੇ ਖਾਣਾ ਵਿਕਰੀ ਕੇਂਦ੍ਰ ਇੱਕ ਦੂਜੇ ਨਾਲ ਸਿਹਤ ਅਤੇ ਸੁਰੱਖਿਆ ਬਾਰੇ ਗੱਲ ਕਰੋ। ਇਹ ਤੁਹਾਨੂੰ ਭੋਜਨ ਪਹੁੰਚਾਉਣ ਵਾਲੇ ਕਰਮਚਾਰੀਆਂ ਵਲੋਂ ਸਾਹਮਣਾ ਕਰਨ ਵਾਲੇ ਖਤਰਿਆਂ ਦੀ ਕਿਸਮ ਨੂੰ ਸਮਝਣ ਵਿੱਚ ਮਦਦ ਕਰੇਗਾ, ਸਿਹਤ ਅਤੇ ਸੁਰੱਖਿਆ ਦੇ ਜੋਖਮਾਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਂਦਾ ਹੈ, ਕਿਸ ਤਰ੍ਹਾਂ ਦੀ ਕਾਰਵਾਈਆਂ ਕਰਨੀ ਚਾਹੀਦੀ ਹੈ ਅਤੇ ਹਰੇਕ ਜੋਖਮ ਦਾ ਪ੍ਰਬੰਧਨ ਕਰਨ ਲਈ ਸਭ ਤੋਂ ਵਧੀਆ ਸਥਿੱਤੀ ਵਿੱਚ ਕੌਣ ਹੈ।

ਤੁਸੀਂ ਕੰਮ ਤੇ ਸਿਹਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਦੇ ਲਈ ਆਪਣੇ ਅਧਿਕਾਰ ਖੇਤਰ ਵਿੱਚ WHS ਰੈਗੂਲੇਟਰ ਨਾਲ ਵੀ ਸੰਪਰਕ ਕਰ ਸਕਦੇ ਹੋ।

***ਇਹ ਸਮੱਗਰੀ ਕੰਮ ਤੇ ਸਿਹਤ ਅਤੇ ਸੁਰੱਖਿਆ ਬਾਰੇ ਆਮ ਜਾਗਰੂਕਤਾ ਨੂੰ ਬਿਹਤਰ ਬਣਾਉਣ ਲਈ ਪ੍ਰਦਾਨ ਕੀਤੀ ਗਈ ਹੈ ਅਤੇ ਇਹ ਤੁਹਾਡੇ ਰਾਜ ਜਾਂ ਕੇਂਦਰ ਪ੍ਰਦੇਸ਼ ਵਿੱਚ ਕਾਨੂੰਨੀ ਸਲਾਹ ਜਾਂ ਕੰਮ ਤੇ ਸਿਹਤ ਅਤੇ ਸੁਰੱਖਿਆ ਕਾਨੂੰਨਾਂ ਦੇ ਅਧੀਨ ਲੋੜਾਂ ਨੂੰ ਬਦਲਣ ਲਈ ਨਹੀਂ ਹੈ।***

**ਸਭ ਤੋਂ ਕੀਮਤੀ ਚੀਜ਼ ਤੁਸੀਂ ਹੋ,**
ਕੰਮ 'ਤੇ ਸੁਰੱਖਿਅਤ ਰਹਿਣ ਬਾਰੇ ਜਾਣਕਾਰੀ ਇੱਥੇ ਦੇਖੋ:
**SWA.GOV.AU/DELIVERSAFELY**

safe work australia